www.prepp.in

Prepp
Your Personal Exams Guide

Civil Services (Main)
Examination, 2026

KVMS-C-PNJB

# ਪੰਜਾਬੀ / PUNJABI

**( ਲਾਜ਼ਮੀ ) / ( Compulsory )**

| | |
|---|---|
| *ਨਿਰਧਾਰਿਤ ਸਮਾਂ : **ਤਿੰਨ ਘੰਟੇ*** | *ਕੁੱਲ ਅੰਕ : **300*** |
| *Time Allowed : **Three Hours*** | *Maximum Marks : **300*** |

## ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਪਹਿਲਾਂ, ਨਿਮਨ ਲਿਖਿਤ ਹਰ ਇਕ ਹਿਦਾਇਤ ਨੂੰ ਧਿਆਨ ਨਾਲ ਪੜ੍ਹੋ :***

*ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ ।*

*ਹਰ ਪ੍ਰਸ਼ਨ ਦੇ ਅੰਕ ਉਸ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ ।*

*ਜੇ ਪ੍ਰਸ਼ਨ ਬਾਰੇ ਕੋਈ ਹੋਰ ਨਿਰਦੇਸ਼ ਨਹੀਂ ਦਿੱਤਾ ਗਿਆ, ਤਾਂ ਉਸ ਦਾ ਉੱਤਰ **ਪੰਜਾਬੀ (ਗੁਰਮੁਖੀ ਲਿਪੀ)** ਵਿੱਚ ਹੀ ਲਿਖੋ ।*

*ਜੇ ਪ੍ਰਸ਼ਨ ਦੇ ਉੱਤਰ ਦੀ ਕੋਈ ਸ਼ਬਦ-ਸੀਮਾ ਦਿੱਤੀ ਗਈ ਹੈ, ਤਾਂ ਉਸਦਾ ਪਾਲਨ ਕਰੋ । ਜੇ ਉੱਤਰ ਬਹੁਤ ਲੰਮਾ ਜਾਂ ਫਿਰ ਬਹੁਤ ਛੋਟਾ ਹੋਇਆ, ਤਾਂ ਅੰਕ ਕੱਟੇ ਜਾ ਸਕਦੇ ਹਨ ।*

*ਉੱਤਰ-ਕਾਪੀ ਦੇ ਖ਼ਾਲੀ ਰਹਿ ਗਏ ਹਰ ਪੰਨੇ ਨੂੰ ਜ਼ਰੂਰ ਕੱਟਿਆ ਜਾਏ ।*

## Question Paper Specific Instructions

***Please read each of the following instructions carefully before attempting questions :***

*All questions are to be attempted.*

*The number of marks carried by a question / part is indicated against it.*

*Answers must be written in **PUNJABI (Gurumukhi script)** unless otherwise directed in the question.*

*Word limit in questions, wherever specified, should be adhered to and if answered in much longer or shorter than the prescribed length, marks may be deducted.*

*Any page or portion of the page left blank in the Question-cum-Answer (QCA) Booklet must be clearly struck off.*

www.prepp.in

Prepp
Your Personal Exams Guide

**Q1.** **ਹੇਠ ਲਿਖਿਆਂ ਵਿਚੋਂ ਕਿਸੇ *ਇੱਕ* ਵਿਸ਼ੇ ਬਾਰੇ 600 ਸ਼ਬਦਾਂ ਦਾ ਨਿਬੰਧ ਲਿਖੋ :** *100*

(a) ਭਾਰਤਬੋਧ ਦੀ ਅਵਧਾਰਨਾ ਅਤੇ ਸਾਡਾ ਭਵਿੱਖ

(b) ਡਿਜੀਟਲ ਯੁੱਗ ਵਿੱਚ ਨਾਗਰਿਕਾਂ ਦੇ ਕਰਤੱਵ

(c) ਭਾਰਤ ਵਿੱਚ ਪੁਲਾੜ ਖੋਜ ਅਤੇ ਮੰਗਲਯਾਨ

(d) ਸਿਹਤ ਸੇਵਾਵਾਂ ਦੀ ਉਪਲਬਧਤਾ ਅਤੇ ਗੁਣਵੱਤਾ

**Q2.** **ਹੇਠ ਲਿਖੇ ਗੱਦ-ਟੋਟੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸਪੱਸ਼ਟ, ਸਹੀ ਅਤੇ ਸੰਖੇਪ ਭਾਸ਼ਾ ਵਿੱਚ ਦਿਉ :** *12×5=60*

ਦੁੱਖ ਦੇ ਵਿੱਚ ਜੋ ਸਥਾਨ ਭੈਅ ਦਾ ਹੈ, ਅਨੰਦ (ਖੁਸ਼ੀ) ਵਿੱਚ ਉਹੀ ਸਥਾਨ ਉਤਸ਼ਾਹ ਦਾ ਹੈ। ਜਿਨ੍ਹਾਂ ਕੰਮਾਂ ਵਿੱਚ ਕਿਸੇ ਤਰ੍ਹਾਂ ਦਾ ਕਸ਼ਟ ਜਾਂ ਹਾਨੀ ਸਹਿਣ ਦਾ ਸਾਹਸ ਲੋੜੀਂਦਾ ਹੋਵੇ, ਉਨ੍ਹਾਂ ਸਭ ਦੇ ਪ੍ਰਤੀ ਉਤਸ਼ਾਹਪੂਰਨ ਅਨੰਦ, ਉਤਸ਼ਾਹ ਦੇ ਅੰਤਰਗਤ ਸਮਝਿਆ ਜਾਂਦਾ ਹੈ। ਕਸ਼ਟ ਤੇ ਹਾਨੀ ਦੇ ਦਰਜੇ ਮੁਤਾਬਿਕ ਉਤਸ਼ਾਹ ਦੀਆਂ ਆਪਣੀਆਂ ਨਿੱਖੜਵੀਆਂ ਸ਼੍ਰੇਣੀਆਂ ਹਨ। ਸਾਹਿਤ ਆਲੋਚਕਾਂ ਨੇ ਇਸਨੂੰ ਯੁੱਧਵੀਰ, ਦਾਨਵੀਰ, ਦਇਆਵੀਰ ਆਦਿ ਸ਼੍ਰੇਣੀਆਂ ਵਿੱਚ ਵਰਗੀਕ੍ਰਿਤ ਕੀਤਾ ਹੈ। ਇਹਨਾਂ ਵਿੱਚ ਸਭ ਤੋਂ ਪ੍ਰਾਚੀਨ ਅਤੇ ਪ੍ਰਮੁੱਖ ਯੁੱਧਵੀਰਤਾ ਹੈ ਜਿਸ ਵਿੱਚ ਘਾਉ (wound), ਪੀੜਾ ਅਤੇ ਇੱਥੋਂ ਤੱਕ ਕਿ ਮੌਤ ਵੀ ਕੋਈ ਅਰਥ ਨਹੀਂ ਰੱਖਦੀ। ਇਸ ਤਰ੍ਹਾਂ ਦੀ ਵੀਰਤਾ ਦਾ ਅਭਿਆਸ ਅਤਿਅੰਤ ਪ੍ਰਾਚੀਨ ਕਾਲ ਤੋਂ ਕੀਤਾ ਜਾ ਰਿਹਾ ਹੈ ਜਿਸ ਵਿੱਚ ਸਾਹਸ ਅਤੇ ਪ੍ਰਯਤਨ, ਦੋਨੋਂ ਚਰਮ ਸੀਮਾ 'ਤੇ ਹੁੰਦੇ ਹਨ। ਪਰ ਕੇਵਲ ਕਸ਼ਟ ਜਾਂ ਪੀੜਾ ਸਹਿਣ ਕਰਨ ਦੇ ਸਾਹਸ ਵਿੱਚ ਹੀ ਉਤਸ਼ਾਹ ਦਾ ਸਰੂਪ ਨਹੀਂ ਉਭਰਦਾ। ਇਸਦੇ ਨਾਲ ਅਨੰਦਪੂਰਵਕ ਪ੍ਰਯਤਨ ਜਾਂ ਉਸਦੀ ਉਤਸੁਕਤਾ ਦਾ ਯੋਗ ਹੋਣਾ ਜ਼ਰੂਰੀ ਹੈ। ਬਿਨਾਂ ਬੇਹੋਸ਼ ਹੋਏ ਵੱਡਾ ਫੋੜਾ ਚਿਰਾਉਣ ਲਈ ਤਿਆਰ ਹੋਣਾ ਸਾਹਸ ਕਹਿਲਾਏਗਾ, ਉਤਸ਼ਾਹ ਨਹੀਂ। ਇਸੇ ਤਰ੍ਹਾਂ ਚੁੱਪ ਰਹਿ ਕੇ, ਬਿਨਾਂ ਹਿੱਲਜੁੱਲ ਕੀਤੇ ਜ਼ੋਰਦਾਰ ਵਾਰ ਸਹਿਣ ਲਈ ਤਿਆਰ ਰਹਿਣਾ ਸਾਹਸ ਮੰਨਿਆ ਜਾਵੇਗਾ ਅਤੇ ਜ਼ੋਰਦਾਰ ਵਾਰ ਸਹਿ ਕੇ ਵੀ ਪਿੱਛੇ ਨਾ ਹੱਟਣਾ ਦ੍ਰਿੜ੍ਹਤਾ ਕਹੀ ਜਾਵੇਗੀ। ਇਸ ਤਰ੍ਹਾਂ ਦਾ ਸਾਹਸ ਅਤੇ ਦ੍ਰਿੜ੍ਹਤਾ ਉਤਸ਼ਾਹ ਦੇ ਅੰਤਰਗਤ ਤਾਂ ਹੀ ਵਿਚਾਰੇ ਜਾਣਗੇ ਜੇਕਰ ਸਾਹਸੀ ਅਤੇ ਧੀਰਜਵਾਨ ਵਿਅਕਤੀ, ਉਸ ਕੰਮ ਨੂੰ ਖੁਸ਼ੀ-ਖੁਸ਼ੀ ਕਰਦਾ ਰਹੇ ਜਿਸ ਕਾਰਨ ਉਸਨੂੰ ਇੰਨੇ ਵਾਰ ਸਹਿਣੇ ਪਏ। ਸਾਰੰਸ਼ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਅਨੰਦਪੂਰਣ ਪ੍ਰਯਤਨ ਅਤੇ ਇਸਦੀ ਉਤਸੁਕਤਾ ਵਿੱਚ ਹੀ ਉਤਸ਼ਾਹ ਦਾ ਦਰਸ਼ਨ ਹੁੰਦਾ ਹੈ, ਕੇਵਲ ਕਸ਼ਟ ਸਹਿਣ ਦੇ ਨਿਸ਼ਕ੍ਰਿਆ ਸਾਹਸ ਵਿੱਚ ਨਹੀਂ। ਦ੍ਰਿੜ੍ਹਤਾ ਅਤੇ ਸਾਹਸ ਦੋਵੇਂ ਉਤਸ਼ਾਹ ਦੁਆਰਾ ਸੰਚਾਰਿਤ ਹੁੰਦੇ ਹਨ।

Prepp
Your Personal Exams Guide

ਦਾਨਵੀਰ ਧਨ-ਦੌਲਤ ਦੇ ਤਿਆਗ ਅਤੇ ਇਸ ਤਿਆਗ ਕਾਰਨ ਹੋਣ ਵਾਲੇ ਕਸ਼ਟ ਅਤੇ ਕਠਿਨਤਾ ਨੂੰ ਸਹਿਣ ਦਾ ਸਾਹਸ ਰੱਖਦਾ ਹੈ। ਉਦਾਰਤਾ ਉਦੋਂ ਹੀ ਮੰਨੀ ਜਾਏਗੀ ਜਦੋਂ ਦਾਨ ਦੇਣ ਕਾਰਨ ਦਾਨੀ ਨੂੰ ਆਪਣੇ ਜੀਵਨ-ਨਿਰਵਾਹ ਵਿੱਚ ਕਿਸੀ ਤਰ੍ਹਾਂ ਦਾ ਕਸ਼ਟ ਜਾਂ ਕਠਿਨਤਾ ਦਾ ਸਾਹਮਣਾ ਕਰਨਾ ਪਏਗਾ। ਇਸ ਕਸ਼ਟ ਜਾਂ ਕਠਿਨਤਾ ਦੀ ਮਾਤਰਾ ਜਾਂ ਸੰਭਾਵਨਾ ਜਿੰਨੀ ਅਧਿਕ ਹੋਵੇਗੀ, ਉਦਾਰਤਾ ਓਨੀ ਹੀ ਉੱਚੀ ਸਮਝੀ ਜਾਵੇਗੀ। ਪਰ ਧਨ-ਦੌਲਤ ਦੇ ਤਿਆਗ ਦੇ ਸਾਹਸ ਦੇ ਨਾਲ ਹੀ ਜਦੋਂ ਤੱਕ ਪੂਰਨ ਤਤਪਰਤਾ ਅਤੇ ਅਨੰਦ ਦੇ ਚਿੰਨ੍ਹ ਨਾ ਦਿਖਾਈ ਦੇਣ ਉਦੋਂ ਤੱਕ ਉਤਸ਼ਾਹ ਦਾ ਸਰੂਪ ਨਹੀਂ ਉੱਭਰੇਗਾ।

ਯੁੱਧ ਤੋਂ ਬਿਨਾਂ ਵੀ ਸੰਸਾਰ ਵਿੱਚ ਹੋਰ ਮੁਸ਼ਕਿਲ ਕੰਮ ਹੁੰਦੇ ਹਨ ਜਿਨ੍ਹਾਂ ਵਿੱਚ ਘੋਰ ਸ਼ਰੀਰਕ ਕਸ਼ਟ ਸਹਿਣਾ ਪੈਂਦਾ ਹੈ, ਇੱਥੋਂ ਤੱਕ ਕਿ ਮੌਤ ਦੀ ਵੀ ਸੰਭਾਵਨਾ ਹੁੰਦੀ ਹੈ। ਖੋਜ ਲਈ ਬਰਫ਼ਾਂ ਲੱਦੇ, ਅਸਮਾਨ ਛੂੰਹਦੇ ਅਗੰਮ ਪਰਬਤਾਂ ਦੀ ਚੜ੍ਹਾਈ, ਧਰੁਵੀ ਖੇਤਰਾਂ ਜਾਂ ਸਹਾਰਾ ਦੇ ਰੇਗਿਸਤਾਨ ਦਾ ਸਫ਼ਰ, ਅਗਿਆਤ, ਘਣੇ ਜੰਗਲਾਂ ਵਿੱਚ ਪ੍ਰਵੇਸ਼ ਇਤਿਆਦਿ ਵੀਰਤਾ ਜਾਂ ਬਹਾਦਰੀ ਵਾਲੇ ਕੰਮ ਹਨ। ਇਸ ਵਿੱਚ ਜਿਸ ਅਨੰਦਪੂਰਣ ਤਤਪਰਤਾ ਦੇ ਨਾਲ ਲੋਕ ਰੁੱਝੇ ਹੋਏ ਹਨ, ਉਹ ਵੀ ਉਤਸ਼ਾਹ ਹੀ ਹੈ।

(a) ਉਤਸ਼ਾਹ ਵਿੱਚ ਸਾਹਸ ਦੀ ਭੂਮਿਕਾ ਨੂੰ ਸਪੱਸ਼ਟ ਕਰੋ। *12*

(b) ਦ੍ਰਿੜ੍ਹਤਾ (Perseverance) ਤੋਂ ਕੀ ਭਾਵ ਹੈ? *12*

(c) ਉਤਸ਼ਾਹ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ? *12*

(d) ਅਨੰਦਪੂਰਣ ਤਤਪਰਤਾ ਅਤੇ ਉਤਸਾਹ ਦੇ ਅੰਤਰ-ਸੰਬੰਧਾਂ ਨੂੰ ਰੇਖਾਂਕਿਤ ਕਰੋ। *12*

(e) ਦਾਨੀ ਨੂੰ ਦਾਨ ਦੇਣ ਕਾਰਨ ਕੀ ਕੁਝ ਸਹਿਣ ਕਰਨਾ ਪੈਂਦਾ ਹੈ? *12*

**Q3. ਹੇਠ ਲਿਖੇ ਪੈਰ੍ਹੇ ਦਾ ਸਾਰ ਲੱਗਭੱਗ ਇਕ-ਤਿਹਾਈ ਸ਼ਬਦਾਂ ਵਿੱਚ ਲਿਖੋ। ਇਸਦਾ ਸਿਰਲੇਖ ਲਿਖਣ ਦੀ ਜ਼ਰੂਰਤ ਨਹੀਂ ਹੈ। ਸਾਰ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।** ***60***

ਵਧੀਆ ਸਰੋਤਾ ਹੋਣਾ ਸਭ ਤੋਂ ਮਹੱਤਵਪੂਰਨ ਅਤੇ ਦਿਲਕਸ਼ ਜੀਵਨ ਹੁਨਰਾਂ ਵਿੱਚੋਂ ਇੱਕ ਹੈ। ਫਿਰ ਵੀ, ਸਾਡੇ ਵਿੱਚੋਂ ਬਹੁਤ ਘੱਟ ਲੋਕ ਸੁਣਨਾ ਜਾਣਦੇ ਹਨ। ਇਸ ਦਾ ਕਾਰਨ ਇਹ ਨਹੀਂ ਕਿ ਅਸੀਂ ਬੁਰੇ ਹਾਂ, ਸਗੋਂ ਕਿਸੇ ਨੇ ਸਾਨੂੰ ਇਹ ਸਿਖਾਇਆ ਹੀ ਨਹੀਂ। ਇਸ ਨਾਲ ਜੁੜਿਆ ਇੱਕ ਤੱਥ ਇਹ ਵੀ ਹੈ ਕਿ ਬਹੁਤ ਘੱਟ ਲੋਕਾਂ ਨੇ ਸਾਨੂੰ ਧਿਆਨਪੂਰਵਕ ਸੁਣਿਆ ਹੈ। ਨਤੀਜਾ ਅਸੀਂ ਸਮਾਜਿਕ ਜੀਵਨ ਵਿੱਚ ਸੁਣਨ ਦੀ ਬਜਾਇ ਬੋਲਣ ਦਾ ਲੋਭ ਵਧੇਰੇ ਰੱਖਦੇ ਹਾਂ, ਸਾਨੂੰ ਦੂਜਿਆਂ ਨੂੰ ਮਿਲਣ ਦੀ ਭੁੱਖ ਤਾਂ ਹੁੰਦੀ ਹੈ, ਪਰ ਉਨ੍ਹਾਂ ਨੂੰ ਸੁਣਨ ਤੋਂ ਅਸੀਂ ਝਿਝਕਦੇ ਹਾਂ। ਹੌਲੀ-ਹੌਲੀ ਮਿੱਤਰਤਾ ਸਮਾਜਿਕ ਅਹਮ (egoism) ਵਿੱਚ ਪਰਿਵਰਤਿਤ ਹੋਣ ਲੱਗਦੀ ਹੈ। ਇੱਕ ਚੰਗਾ ਸਰੋਤਾ ਕਈ ਅਜਿਹੇ ਕੰਮ ਕਰਦਾ ਹੈ ਜਿਸ ਕਾਰਨ ਉਸ

ਨਾਲ ਸਮਾਂ ਬਿਤਾਉਣਾ ਸੁਖਦ ਹੋ ਜਾਂਦਾ ਹੈ । ਬਹੁਤੀ ਵਾਰ ਅਸੀਂ ਕਿਸੇ ਅਜਿਹੇ ਨੁਕਤੇ ਨਾਲ ਆਪਣੀ ਗੱਲਬਾਤ ਆਰੰਭ ਕਰਦੇ ਹਾਂ ਜੋ ਮਹੱਤਵਪੂਰਨ ਤਾਂ ਲੱਗਦਾ ਹੈ, ਪਰ ਸਪੱਸ਼ਟ ਨਹੀਂ ਹੁੰਦਾ । ਕਦੀ-ਕਦੀ ਅਸੀਂ ਕੰਮ ਨੂੰ ਲੈ ਕੇ ਪ੍ਰੇਸ਼ਾਨ ਹੁੰਦੇ ਹਾਂ, ਕਦੀ ਅਸੀਂ ਆਪਣੇ ਪੇਸ਼ੇ ਵਿੱਚ ਵਧੇਰੇ ਮਹੱਤਵਕਾਂਖੀ (ambitious) ਬਣਨ ਬਾਰੇ ਸੋਚਦੇ ਹਾਂ; ਅਸੀਂ ਇਹ ਸੁਨਿਸ਼ਚਤ ਨਹੀਂ ਕਰ ਪਾਉਂਦੇ ਕਿ ਸਾਡੇ ਲਈ ਕੀ ਉਚਿਤ ਹੈ; ਕਦੀ ਸਾਨੂੰ ਇਹ ਸੰਦੇਹ ਹੁੰਦਾ ਹੈ ਕਿ ਕੋਈ ਸਬੰਧ ਕਠਿਨ ਦੌਰ ਵਿੱਚੋਂ ਗੁਜ਼ਰ ਰਿਹਾ ਹੈ; ਅਸੀਂ ਕਿਸੇ ਗੱਲ ਨਿਰਾਸ਼ ਹੁੰਦੇ ਹਾਂ (ਹਾਲਾਂਕਿ ਸਾਨੂੰ ਇਹ ਪਤਾ ਨਹੀਂ ਹੁੰਦਾ ਕਿ ਸਮੱਸਿਆ ਕੀ ਹੈ); ਜਾਂ ਸ਼ਾਇਦ ਅਸੀਂ ਕਿਸੇ ਚੀਜ਼ ਬਾਰੇ ਬਹੁਤ ਜ਼ਿਆਦਾ ਉਤਸੁਕ ਅਤੇ ਉਤਸ਼ਾਹਿਤ ਹੁੰਦੇ ਹਾਂ । ਭਾਵੇਂ, ਸਾਡੇ ਜਜ਼ਬਾਤੀ ਹੋਣ ਦੇ ਕਾਰਨਾਂ ਨੂੰ ਜਾਣਨਾ ਜਾਂ ਸਮਝਣਾ ਔਖਾ ਹੁੰਦਾ ਹੈ ।

ਬੁਨਿਆਦੀ ਤੌਰ 'ਤੇ ਇਹ ਸਾਰੇ ਵਿਸ਼ੇ ਸਪੱਸ਼ਟਤਾ ਦੀ ਮੰਗ ਕਰਦੇ ਹਨ । ਇੱਕ ਚੰਗਾ ਸਰੋਤਾ ਇਹ ਸਮਝਦਾ ਹੈ ਕਿ ਆਦਰਸ਼ ਰੂਪ ਵਿੱਚ ਦੂਜਿਆਂ ਨਾਲ ਕੀਤੀ ਗੱਲਬਾਤ ਸਾਨੂੰ ਭ੍ਰਮਿਤ ਤੇ ਉਤੇਜਿਤ ਮਨ ਵਿੱਚੋਂ ਕੱਢ ਕੇ ਵਧੇਰੇ ਕੇਂਦਰਿਤ ਤੇ ਸ਼ਾਂਤ ਮਨ ਦੀ ਅਵੱਸਥਾ ਤੱਕ ਪਹੁੰਚਾ ਸਕਦੀ ਹੈ । ਉਹਨਾਂ ਨਾਲ ਮਿਲ ਕੇ ਅਸੀਂ ਇਹ ਪਤਾ ਲਗਾ ਸਕਦੇ ਹਾਂ ਕਿ ਅਸਲ ਵਿੱਚ ਦਾਅ 'ਤੇ ਕੀ ਲੱਗਾ ਸੀ । ਪਰ ਅਸਲ ਵਿੱਚ ਅਜਿਹਾ ਹੁੰਦਾ ਨਹੀਂ ਕਿਉਂਕਿ ਗੱਲਬਾਤ ਵਿੱਚ ਸਪੱਸ਼ਟਤਾ ਦੀ ਇੱਛਾ ਅਤੇ ਜ਼ਰੂਰਤ ਪੂਰਤੀ ਜਾਗਰੂਕਤਾ ਨਹੀਂ ਹੁੰਦੀ । ਚੰਗੇ ਸਰੋਤਿਆਂ ਦੀ ਕਮੀਂ ਹੁੰਦੀ ਹੈ । ਸਿੱਟੇ ਵਜੋਂ ਲੋਕ ਵਿਸ਼ਲੇਸ਼ਣ ਕਰਨ ਦੀ ਬਜਾਇ ਆਪਣੀ ਗੱਲ 'ਤੇ ਅੜੇ ਰਹਿੰਦੇ ਹਨ । ਉਹ ਆਪਣੀ ਚਿੰਤਾ, ਉਤਸ਼ਾਹ, ਉਦਾਸੀ ਜਾਂ ਆਸ਼ਾ ਨੂੰ ਵਾਰ-ਵਾਰ ਵੱਖਰੇ-ਵੱਖਰੇ ਰੂਪਾਂ ਵਿੱਚ ਦੁਹਰਾਉਂਦੇ ਹਨ । ਸਾਹਮਣੇ ਵਾਲਾ ਸੁਣਦਾ ਤਾਂ ਹੈ, ਪਰ ਉਹਨਾਂ ਨੂੰ ਗਹਿਰਾਈ ਨਾਲ ਸਮਝਣ ਵਿੱਚ ਮਦਦ ਨਹੀਂ ਕਰਦਾ । ਵਧੀਆ ਸਰੋਤੇ ਸਲੀਕੇਦਾਰ ਗੱਲਬਾਤ ਦੇ ਤਰੀਕਿਆਂ ਰਾਹੀਂ ਇਸ ਸਥਿਤਿ ਨੂੰ ਬਦਲਦੇ ਹਨ ।

ਜਦੋਂ ਦੂਜੇ ਬੋਲਦੇ ਹਨ ਤਾਂ ਉਹ ਉਨ੍ਹਾਂ ਨਾਲ ਪੂਰੀ ਤਰ੍ਹਾਂ ਜੁੜ ਜਾਂਦੇ ਹਨ । ਉਹ ਉਤਸ਼ਾਹਪੂਰਵਕ ਹੌਂਸਲਾ-ਅਫ਼ਜ਼ਾਈ ਕਰਦੇ ਹਨ, ਸਕਾਰਤਮਕ ਸੰਕੇਤ ਦਿੰਦੇ ਹਨ ਜਿਵੇਂ ਕਿ ਸਹਾਨੁਭੂਤੀ ਭਰਪੂਰ ਆਹ, ਉਤਸ਼ਾਹਵਰਧਕ ਸੰਕੇਤ, ਵਾਰਤਾ ਨੂੰ ਵਧਾਉਣ ਲਈ ਰਣਨੀਤਿਕ ਹੁੰਗਾਰਾ । ਇਸ ਤਰ੍ਹਾਂ ਉਹ ਸਾਹਮਣੇ ਵਾਲੇ ਨੂੰ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਦੀ ਡੂੰਘਾਈ ਵਿੱਚ ਜਾਣ ਲਈ ਪ੍ਰੇਰਿਤ ਕਰਦੇ ਹਨ । ਉਹ ਇਹ ਕਹਿਣਾ ਪਸੰਦ ਕਰਦੇ ਹਨ, "ਮੈਨੂੰ ਇਸ ਬਾਰੇ ਕੁਝ ਹੋਰ ਦੱਸੋ ...", "ਜਦੋਂ ਤੁਸੀਂ ਇਹ ਕਿਹਾ ਤਾਂ ਮੈਂ ਮੰਤਰ ਮੁਗਧ ਹੋ ਗਿਆ...," "ਕੀ ਤੁਹਾਨੂੰ ਪਤਾ ਹੈ ਇਹ ਇਸ ਤਰ੍ਹਾਂ ਕਿਉਂ ਵਾਪਰਿਆ ?" ਜਾਂ "ਤੁਹਾਨੂੰ ਉਸ ਬਾਰੇ ਕਿਸ ਤਰ੍ਹਾਂ ਮਹਿਸੂਸ ਹੋਇਆ ?" ਇੱਕ ਚੰਗਾ ਸਰੋਤਾ ਇਹ ਮੰਨ ਕੇ ਚੱਲਦਾ ਹੈ ਕਿ ਦੂਸਰਿਆਂ ਨਾਲ ਗੱਲਬਾਤ ਦੌਰਾਨ ਅਸਪੱਸ਼ਟਤਾ ਸੁਭਾਵਿਕ ਹੈ । ਉਹ ਨਾ ਤਾਂ ਆਲੋਚਨਾ ਕਰਦਾ ਹੈ ਤੇ ਨਾ ਹੀ ਕਾਹਲਾ ਪੈਂਦਾ ਹੈ, ਕਿਉਂਕਿ ਉਹ ਸਮਝਦਾ ਹੈ ਕਿ ਅਸਪੱਸ਼ਟਤਾ ਇੱਕ ਵਿਸ਼ਵਵਿਆਪੀ ਅਤੇ ਮਹੱਤਵਪੂਰਨ ਮਨ ਦੀ ਉਲਝਣ ਹੈ, ਜਿਸਨੂੰ ਸੁਲਝਾਉਣ ਦੀ ਜ਼ਿੰਮੇਵਾਰੀ ਸੱਚੇ ਦੋਸਤ ਦੀ ਹੈ । ਬਹੁਤੀ ਵਾਰ ਅਸੀ ਸਾਨੂੰ ਪ੍ਰੇਸ਼ਾਨ ਜਾਂ ਉਤੇਜਿਤ ਕਰਨ ਵਾਲੇ ਕਾਰਨ ਦੇ ਆਸ-ਪਾਸ ਭਟਕਦੇ ਰਹਿੰਦੇ ਹਾਂ, ਪਰ ਉਸਦੇ ਮੂਲ ਕਾਰਨਾਂ ਤੱਕ ਨਹੀਂ ਪਹੁੰਚ ਪਾਉਂਦੇ । ਇੱਕ ਚੰਗਾ ਸਰੋਤਾ ਇਹ ਜਾਣਦਾ ਹੈ ਕਿ ਵਿਸਥਾਰ ਨੂੰ ਉਤਸ਼ਾਹਿਤ ਕਰਨ, ਡੂੰਘਾਈ

www.prepp.in

Prepp
Your Personal Exams Guide

ਵਿੱਚ ਜਾਣ ਅਤੇ ਅੱਗੇ ਵਧਾਉਣ ਦੀ ਕੋਸ਼ਿਸ਼ ਕਰਨ ਦਾ ਲਾਭ ਹੁੰਦਾ ਹੈ । ਸਾਨੂੰ ਅਜਿਹੇ ਵਿਅਕਤੀ ਦੀ ਜ਼ਰੂਰਤ ਹੁੰਦੀ ਹੈ ਜੋ ਸਲਾਹ ਦੇਣ ਦੀ ਬਜਾਇ ਦੋ ਸਰਲ ਜਾਦੂਈ ਸ਼ਬਦ ਕਹੇ, "ਚੱਲਦੇ ਚਲੋ" । ਅਸੀਂ ਭੈਣਾਂ-ਭਰਾਵਾਂ ਦੀ ਗੱਲ ਕਰਦੇ ਹਾਂ, ਉਹ ਹੋਰ ਜ਼ਿਆਦਾ ਜਾਣਨ ਦੀ ਇੱਛਾ ਰੱਖਦੇ ਹਨ । ਉਹਨਾਂ ਦਾ ਬਚਪਨ ਵਿੱਚ ਕਿਸ ਤਰ੍ਹਾਂ ਦਾ ਸੰਬੰਧ ਸੀ ? ਸਮੇਂ ਦੇ ਨਾਲ ਇਹ ਕਿਸ ਤਰ੍ਹਾਂ ਬਦਲਿਆ ? ਉਹ ਇਹ ਜਾਣਨ ਲਈ ਉਤਸੁਕ ਹੁੰਦੇ ਹਨ ਕਿ ਸਾਡੀਆਂ ਚਿੰਤਾਵਾਂ ਅਤੇ ਉਤੇਜਨਾਵਾਂ ਦਾ ਮੂਲ ਕੀ ਹੈ ? ਉਹ ਪੁੱਛਦੇ ਹਨ, ਇਹ ਖਾਸ ਗੱਲ ਤੁਹਾਨੂੰ ਕਿਓ ਪ੍ਰੇਸ਼ਾਨ ਕਰ ਰਹੀ ਸੀ ? 'ਇਹ ਤੁਹਾਡੇ ਲਈ ਇੰਨੀ ਮਹੱਤਵਪੂਰਨ ਗੱਲ ਕਿਉਂ ਸੀ ?' ਉਹ ਸਾਡੇ ਇਤਿਹਾਸ ਨੂੰ ਯਾਦ ਰੱਖਦੇ ਹਨ; ਕਦੇ-ਕਦੇ ਉਹ ਸਾਡੀ ਕਹੀ ਹੋਈ ਪਹਿਲੀ ਗੱਲ ਦਾ ਹਵਾਲਾ ਦਿੰਦੇ ਹਨ ਅਤੇ ਸਾਨੂੰ ਮਹਿਸੂਸ ਹੁੰਦਾ ਹੈ ਕਿ ਅਸਲ ਵਿੱਚ ਉਹ ਸਾਡੇ ਨਾਲ ਗਹਿਰਾਈ ਵਿੱਚ ਜੁੜਨ ਦਾ ਯਤਨ ਕਰ ਰਹੇ ਹਨ । ਅਸਪੱਸ਼ਟ ਗੱਲਾਂ ਕਰਨੀਆਂ ਘਾਤਕ ਰੂਪ ਵਿੱਚ ਆਸਾਨ ਹੁੰਦਾ ਹੈ । ਅਸੀਂ ਆਮ ਹੀ ਇਹ ਕਹਿ ਦਿੰਦੇ ਹਾਂ ਕਿ ਕੋਈ ਚੀਜ਼ ਸੁੰਦਰ ਹੈ ਜਾਂ ਭਿਆਨਕ, ਸੁਖਦ ਹੈ ਜਾਂ ਪ੍ਰੇਸ਼ਾਨ ਕਰਨ ਵਾਲੀ । ਪਰ ਅਸੀਂ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕਰਦੇ ਕਿ ਅਸੀਂ ਇਸ ਤਰ੍ਹਾਂ ਕਿਉਂ ਮਹਿਸੂਸ ਕਰਦੇ ਹਾਂ । ਇੱਕ ਚੰਗਾ ਸਰੋਤਾ ਸਾਡੀਆਂ ਇਨ੍ਹਾਂ ਸਤਹੀ ਗੱਲਾਂ ਉੱਪਰ ਰਚਨਾਤਮਕ ਅਤੇ ਮਿੱਤਰਤਾ-ਭਰਪੂਰ ਸੰਦੇਹ ਕਰਦਾ ਹੈ ਅਤੇ ਇਹਨਾਂ ਪਿੱਛੇ ਛੁਪੀਆਂ ਭਾਵਨਾਵਾਂ ਨੂੰ ਸਮਝਣ ਦਾ ਯਤਨ ਕਰਦਾ ਹੈ ।

*(756 ਸ਼ਬਦ)*

**Q4. ਹੇਠ ਲਿਖੇ ਗੱਦ-ਟੋਟੇ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ :** ***20***

ਭਾਰਤੀ ਮਲਾਹ ਜਹਾਜ਼ਰਾਨੀ ਦੇ ਆਪਣੇ ਹੁਨਰ ਲਈ ਪ੍ਰਾਚੀਨ ਸਮੇਂ ਤੋਂ ਹੀ ਪ੍ਰਸਿੱਧ ਰਹੇ ਹਨ । ਅੱਜ ਤੋਂ ਕੋਈ 5000 ਸਾਲ ਪਹਿਲਾਂ ਉਨ੍ਹਾਂ ਨੇ ਸਮੁੰਦਰ ਵਿੱਚ ਕਿਸ਼ਤੀਆਂ (Sailing) ਚਲਾਉਣ ਦੀ ਸ਼ੁਰੂਆਤ ਕੀਤੀ ਸੀ । ਉਸ ਸਮੇਂ ਸਮੁੰਦਰੀ ਸਫ਼ਰ ਦੇ ਸੰਦ ਬਹੁਤ ਥੋੜ੍ਹੇ ਹੁੰਦੇ ਸਨ । ਅੱਜ ਵਾਂਗ ਅਤਿ-ਆਧੁਨਿਕ ਉਪਕਰਣ ਉਸ ਸਮੇਂ ਉਪਲਬਧ ਨਹੀਂ ਸਨ । ਪਰ ਪ੍ਰਾਚੀਨ ਮਲਾਹਾਂ ਦੀ ਗਿਆਨ-ਇੰਦਰੀਆਂ ਸ਼ਾਇਦ ਜ਼ਿਆਦਾ ਤੇਜ਼ ਹੁੰਦੀਆਂ ਸਨ । ਉਹ ਮੌਸਮ ਦੇ ਮਿਜਾਜ਼ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ । ਉਹ ਗ੍ਰਹਿਆਂ ਦਾ ਨਿਰੀਖਣ ਕਰ ਸਕਦੇ ਸਨ, ਹਵਾਵਾਂ ਦਾ ਰੁਖ ਪਛਾਣਦੇ ਸਨ, ਅਤੇ ਪਾਣੀ ਦਾ ਰੰਗ ਦੇਖ ਕੇ ਸਮੁੰਦਰ ਦੀ ਗਹਿਰਾਈ ਨਿਸ਼ਚਤ ਕਰ ਸਕਦੇ ਸਨ । ਉਹ ਸਮੁੰਦਰੀ ਜੀਵ-ਜੰਤੂਆਂ ਨੂੰ ਦੇਖ ਕੇ ਜ਼ਮੀਨ ਤੋਂ ਦੂਰੀ ਅਤੇ ਕਈ ਵਾਰ ਤਾਂ ਦੇਸ਼ ਦੇ ਸਹੀ ਸਥਾਨ (location) ਦਾ ਪਤਾ ਲਗਾ ਲੈਂਦੇ ਸਨ । ਉਨ੍ਹਾਂ ਦਿਨਾਂ ਵਿੱਚ ਕੋਈ ਸਮੁੰਦਰੀ ਅਕਾਦਮੀਆਂ ਨਹੀਂ ਸਨ; ਇਸ ਲਈ ਜਿਹੜੀ ਵੀ ਸਿਖਲਾਈ ਉਹਨਾਂ ਨੂੰ ਮਿਲਦੀ ਸੀ, ਉਹ ਅਨੁਭਵ ਦੀ ਪਾਠਸ਼ਾਲਾ ਵਿੱਚ ਪ੍ਰੀਖਿਆ ਅਤੇ ਗ਼ਲਤੀਆਂ ਤੋਂ ਸਿੱਖਣ 'ਤੇ ਆਧਾਰਿਤ ਸੀ । ਕਦੇ-ਕਦੇ ਦੁਰਘਟਨਾਵਾਂ ਵੀ ਹੋ ਜਾਂਦੀਆਂ ਸਨ, ਪਰ ਉਨ੍ਹਾਂ ਦਾ ਸਾਹਸ ਅਤੇ ਆਤਮ-ਵਿਸ਼ਵਾਸ ਉਹਨਾਂ ਲਈ ਪ੍ਰੇਰਣਾ ਸੀ । ਇਸ ਦੇ ਬਲ 'ਤੇ ਉਹ ਪੱਛਮ ਵਿੱਚ ਫਾਰਸ ਦੀ ਖਾੜੀ, ਅਫ਼ਰੀਕਾ ਦੇ ਪੂਰਬੀ ਤੱਟ ਅਤੇ ਪੂਰਬ ਤੇ ਦੂਰ ਪੂਰਬ ਵਿੱਚ ਇੰਡੋਨੇਸ਼ੀਆ, ਕੰਬੋਡੀਆ, ਅੰਨਾਮ, ਬੋਰਨਿਓ ਅਤੇ ਸੇਲੇਬੀਜ਼ ਵਰਗੇ ਦੂਰ-ਦਰਾਜ ਦੇ ਦੀਪਾਂ ਤੱਕ ਪਹੁੰਚਣ ਵਿੱਚ ਕਾਮਯਾਬ ਹੋਏ । ਸਮੁੰਦਰੀ ਸਿਖਲਾਈ ਦਾ ਆਧੁਨਿਕ ਦੌਰ 1920 ਦੇ ਦਸ਼ਕ ਦੇ ਆਰੰਭਕ ਸਾਲਾਂ ਵਿੱਚ ਹੋਇਆ ।

www.prepp.in

Prepp
Your Personal Exams Guide

ਅਜ਼ਾਦੀ ਤੋਂ ਬਾਅਦ ਪੂਰੇ ਭਾਰਤ ਵਿੱਚ ਪਰਿਵਰਤਨ ਦੀ ਸੁਖਦ ਲਹਿਰ ਚੱਲ ਰਹੀ ਹੈ। ਭਾਰਤ ਦੀ ਗੌਰਵਸ਼ਾਲੀ ਜਹਾਜ਼ਰਾਨੀ ਪਰੰਪਰਾ ਦਾ ਸੂਰਜ ਜੋ ਕੁਝ ਸਦੀਆਂ ਪਹਿਲਾਂ ਅਸਤ ਹੋ ਗਿਆ ਸੀ, ਇਕ ਵਾਰ ਫਿਰ ਉਦੈ ਹੋ ਕੇ ਚਮਕਣ ਲੱਗਿਆ ਹੈ। ਭਾਰਤੀ ਜਹਾਜ਼ਰਾਨੀ ਅੱਜ ਸਹੀ ਦਿਸ਼ਾ ਵਿੱਚ ਅੱਗੇ ਵੱਧ ਰਹੀ ਹੈ।

**Q5.** **ਹੇਠ ਲਿਖੇ ਗੱਦ-ਟੋਟੇ ਦਾ ਪੰਜਾਬੀ ਵਿੱਚ ਅਨੁਵਾਦ ਕਰੋ :** *20*

Orientation for entrepreneurship has to start right from the schools. In schools, teachers need to highlight the role of entrepreneurship in national development. During college, students must be exposed to business development opportunities and must be trained towards the creation of new enterprises. Parents should encourage their children to take up new ventures after their education. We should cultivate a mindset that 'Idea is wealth'.

The government must create a facilitating environment for the provision of venture capital for innovative ideas without collateral security. Universities and engineering and management institutions should work with banks and other funding agencies towards simplifying procedures for setting up businesses and working with entrepreneurs till the project becomes self-sustaining and viable. Procedures in government should facilitate the spotting and recognition of new Indian talent in entrepreneurship by creating a level playing field for healthy competition. Citizens who can afford it should turn themselves into angel investors or start venture capital organizations to fund such new ventures. Big and small industries need to have an open mind in order to encourage and partner with young entrepreneurs.

**Q6.** (a) **ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :** *1×10=10*

(i) ਪਰਤੀਭਾ *1*

(ii) ਮੇਜ *1*

(iii) ਵੌਹਟੀ *1*

(iv) ਨਾਣਕਸਾਹੀ *1*

www.prepp.in
Prepp
Your Personal Exams Guide

(v) ਸੈਂਹਦਾ 1

(vi) ਖਾਲਿਸ 1

(vii) ਥੰਮਨਾ 1

(viii) ਨੈਬ 1

(ix) ਅਨਾਮ 1

(x) ਚੂੰਡੀ 1

(b) **ਹੇਠ ਲਿਖੇ ਮੁਹਾਵਰਿਆਂ ਅਤੇ ਅਖਾਣਾਂ ਦੇ ਅਰਥ ਦੱਸ ਕੇ, ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ :** *2×5=10*

(i) ਉਸ ਤੀਵੀਂ ਦਾ ਘਰ ਨਾ ਵੱਸੇ, ਕੱਤੇ ਪਾਅ ਤੇ ਤਿੰਨ ਪਾਅ ਦੱਸੇ 2

(ii) ਸਖੀ ਨਾਲੋਂ ਸੂਮ ਭਲਾ, ਜੋ ਦੇਵੇ ਤੁਰਤ ਜਵਾਬ 2

(iii) ਕੱਖਾਂ ਤੋਂ ਹੌਲਾ ਹੋਣਾ 2

(iv) ਚੜ੍ਹਾਈ ਕਰ ਜਾਣਾ 2

(v) ਲੈਣੇ ਦੇ ਦੇਣੇ ਪੈ ਜਾਣੇ 2

(c) **ਹੇਠ ਲਿਖੇ ਅਗੇਤਰ-ਪਿਛੇਤਰ ਲਗਾ ਕੇ ਸ਼ਬਦ ਬਣਾਉ :** *1×10=10*

(i) ਅਪ 1

(ii) ਖੁਸ਼ 1

(iii) ਕੁ 1

(iv) ਜਨ 1

(v) ਸਰ 1

www.prepp.in

Prepp
Your Personal Exams Guide

(vi) ਆਰ 1

(vii) ਏਲੀ 1

(viii) ਸਤਾਨ 1

(ix) ਵੰਡ 1

(x) ਸ਼ਾਲਾ 1

(d) **ਹੇਠ ਲਿਖੇ ਵਾਕਾਂ ਦੀ ਥਾਂ 'ਤੇ ਇੱਕ-ਇੱਕ ਸ਼ਬਦ ਦੀ ਵਰਤੋਂ ਕਰੋ :** *1×10=10*

(i) ਜਿਹੜਾ ਦੇਸ਼ ਨਾਲ ਗੱਦਾਰੀ ਕਰੇ 1

(ii) ਨਿਯਤ ਪਸ਼ੂਆਂ ਦਾ ਇਕੱਠ 1

(iii) ਜਿਸ ਉੱਤੇ ਕਹੀ ਗੱਲ ਦਾ ਅਸਰ ਨਾ ਹੋਵੇ 1

(iv) ਉਹ ਥਾਂ ਜਿੱਥੇ ਘੁਮਿਆਰ ਭਾਂਡੇ ਪਕਾਉਂਦੇ ਹਨ 1

(v) ਉਹ ਬਾਲਕ ਜੋ ਬਹੁਤ ਸ਼ਰਾਰਤਾਂ ਕਰੇ 1

(vi) ਧਾਰਮਿਕ ਪੱਖ-ਪਾਤ ਰੱਖਣ ਵਾਲਾ 1

(vii) ਉਹ ਧਰਤੀ ਜਿਹੜੀ ਖੂਹ ਦੇ ਪਾਣੀ ਨਾਲ ਸਿੰਜੀ ਜਾਵੇ 1

(viii) ਜਿਸਨੂੰ ਹਰ ਗੱਲ ਦਾ ਪਤਾ ਹੋਵੇ 1

(ix) ਜਿੱਥੇ ਚਾਰੇ ਪਾਸੇ ਰਸਤੇ ਨਿਕਲਦੇ ਹੋਣ 1

(x) ਜਿਹੜਾ ਨੱਕ ਵਿੱਚ ਬੋਲੇ 1

Prepp Your Personal Exam Guide